**ਹੜਤਾਲ ਅਧਿਕਾਰ ਵੋਟ (strike authorization vote) ਕੀ ਹੈ ਅਤੇ ਅਸੀਂ ਇਹ ਵੋਟਿੰਗ ਕਿਉਂ ਕਰਦੇ ਹਾਂ?**

ਜੇਕਰ ਅਸੀਂ ਕਿਸੇ ਸਮਝੌਤੇ 'ਤੇ ਪਹੁੰਚਣ ਵਿੱਚ ਅਸਮਰੱਥ ਹੁੰਦੇ ਹਾਂ ਤਾਂ ਹੜਤਾਲ ਅਧਿਕਾਰ ਵੋਟ ਯੂਨੀਅਨ ਨੂੰ ਹੜਤਾਲ ਨੋਟਿਸ ਦੇਣ ਦਾ ਅਧਿਕਾਰ ਦਿੰਦਾ ਹੈ। ਇਹ ਸੌਦੇਬਾਜ਼ੀ ਕਮੇਟੀ ਲਈ ਇਕਜੁੱਟਤਾ ਦਾ ਇੱਕ ਮਜ਼ਬੂਤ ਪ੍ਰਦਰਸ਼ਨ ਵੀ ਹੈ, ਜੋ ਉਹਨਾਂ ਨੂੰ ਯੂਨੀਅਨ ਦੇ ਮੈਂਬਰਾਂ ਦੀ ਮਜ਼ਬੂਤ ਹਿਮਾਇਤ ਦੇ ਨਾਲ ਸੌਦੇਬਾਜ਼ੀ ਦੀ ਮੇਜ਼ 'ਤੇ ਵਾਪਸ ਆਉਣ ਵਿੱਚ ਮਦਦ ਕਰਦਾ ਹੈ। ਫੇਰ ਸੌਦੇਬਾਜ਼ੀ ਕਮੇਟੀ Sobeys ਨੂੰ ਬਿਹਤਰ ਤਨਖਾਹ ਦੀ ਪੇਸ਼ਕਸ਼ ਕਰਨ ਲਈ ਦਬਾਅ ਪਾ ਸਕਦੀ ਹੈ।

**ਕੀ ਹੜਤਾਲ ਅਧਿਕਾਰ ਵੋਟ ਪ੍ਰਾਪਤ ਹੋਣ ਦਾ ਮਤਲਬ ਹੈ ਕਿ ਅਸੀਂ ਆਪਮੁਹਾਰੇ ਹੜਤਾਲ 'ਤੇ ਚਲੇ ਜਾਂਦੇ ਹਾਂ?**

**ਨਹੀਂ,** ਹੜਤਾਲ ਅਧਿਕਾਰ ਵੋਟ ਦਾ ਮਤਲਬ ਇਹ ਨਹੀਂ ਹੈ ਕਿ ਅਸੀਂ ਆਪਣੇ-ਆਪ ਇੱਕ ਹੜਤਾਲ ਨੋਟਿਸ ਜਾਰੀ ਕਰਾਂਗੇ। ਸਾਡੇ ਵੱਲੋਂ ਹੜਤਾਲ ਅਧਿਕਾਰ ਵੋਟ ਲੈਣ ਤੋਂ ਬਾਅਦ, ਅਸੀਂ Sobeys ਨੂੰ ਇਹ ਦਿਖਾਉਣ ਲਈ ਸੌਦੇਬਾਜ਼ੀ ਦੀ ਮੇਜ਼ 'ਤੇ ਵਾਪਸ ਆਵਾਂਗੇ ਕਿ ਅਸੀਂ ਇੱਕ ਵਾਜਬ ਸੌਦੇ ਲਈ ਲੜਨ ਬਾਰੇ ਗੰਭੀਰ ਹਾਂ- ਪਰ ਸਾਡਾ ਟੀਚਾ ਹੜਤਾਲ ਨੋਟਿਸ ਦਿੱਤੇ ਬਿਨਾਂ ਕਿਸੇ ਸਮਝੌਤੇ 'ਤੇ ਪਹੁੰਚਣਾ ਹੈ।

**ਜੇਕਰ ਮੈਂ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹਾਂ ਜਾਂ ਵਰਕ ਪਰਮਿਟ ਦੇ ਨਾਲ Safeway ਵਿਖੇ ਕੰਮ ਕਰ ਰਿਹਾ/ਰਹੀ ਹਾਂ, ਤਾਂ ਕੀ ਲੇਬਰ ਵਿਵਾਦ ਦੇ ਹੱਕ ਵਿੱਚ ਵੋਟ ਪਾਉਣਾ (ਜਾਂ ਲੇਬਰ ਵਿਵਾਦ ਵਿੱਚ ਹਿੱਸਾ ਲੈਣਾ) ਮੇਰੀ ਸਥਿਤੀ ਨੂੰ ਪ੍ਰਭਾਵਤ ਕਰੇਗਾ?**

**ਨਹੀਂ,** ਅੰਤਰਰਾਸ਼ਟਰੀ ਵਿਦਿਆਰਥੀਆਂ ਲਈ, ਕੋਈ ਪ੍ਰਭਾਵ ਨਹੀਂ ਹੋਵੇਗਾ। ਜੇਕਰ ਕੋਈ ਵਿਵਾਦ ਹੁੰਦਾ ਹੈ, ਤਾਂ ਤੁਸੀਂ ਪ੍ਰਤੀ ਹਫ਼ਤੇ 20 ਘੰਟੇ ਤੱਕ ਕੰਮ ਕਰਨ ਦੇ ਯੋਗ ਹੋ ਪਰ ਅਜਿਹਾ ਕਰਨਾ ਲਾਜ਼ਮੀ ਨਹੀਂ ਹੈ। ਤੁਸੀਂ ਇੱਕ ਹਫ਼ਤੇ ਵਿੱਚ 20 ਘੰਟਿਆਂ ਤੱਕ ਲਈ ਪਿਕੇਟ ਤਨਖਾਹ ਦੇ ਹੱਕਦਾਰ ਹੋਵੋਗੇ।

ਜੇਕਰ ਤੁਹਾਡੇ ਕੋਲ ਵਰਕ ਪਰਮਿਟ ਹੈ ਅਤੇ ਕੋਈ ਵਿਵਾਦ ਹੁੰਦਾ ਹੈ, ਤਾਂ ਜੇਕਰ ਤੁਸੀਂ ਹੜਤਾਲ 'ਤੇ ਹੋ ਜਾਂ ਜੇ ਤਾਲਾਬੰਦੀ ਹੁੰਦੀ ਹੈ ਤਾਂ ਤੁਹਾਡੇ ਵਰਕ ਪਰਮਿਟ 'ਤੇ ਕੋਈ ਅਸਰ ਨਹੀਂ ਪਵੇਗਾ । ਤੁਸੀਂ ਪਿਕੇਟ ਤਨਖਾਹ ਪ੍ਰਾਪਤ ਕਰਨ ਦੇ ਵੀ ਹੱਕਦਾਰ ਹੋਵੋਗੇ। ਤੁਹਾਡੇ ਵਰਕ ਪਰਮਿਟ ਦੀ ਕਿਸਮ 'ਤੇ ਨਿਰਭਰ ਕਰਦੇ ਹੋਏ, ਹੋ ਸਕਦਾ ਹੈ ਕਿ ਕਿਸੇ ਲੇਬਰ ਵਿਵਾਦ ਦੌਰਾਨ ਤੁਸੀਂ ਕਿਸੇ ਵੱਖਰੇ ਮਾਲਕ ਲਈ ਕੰਮ ਕਰਨ ਦੇ ਯੋਗ ਹੋਵੋ।

**ਕਿਸੇ ਹੜਤਾਲ ਅਧਿਕਾਰ ਵੋਟ ਵਿੱਚ ਕੌਣ ਵੋਟ ਪਾਉਂਦਾ ਹੈ?**

– ਸਾਰੇ UFCW 1518 ਮੈਂਬਰ, ਜੋ ਜ਼ੋਨ 1 (ਲੋਅਰ ਮੇਨਲੈਂਡ ਤੋਂ Whistler) ਵਿੱਚ Safeway ਸਟੋਰਾਂ ਅਤੇ FreshCo ਫਾਰਮੇਸੀਆਂ ਵਿੱਚ ਕੰਮ ਕਰਦੇ ਹਨ, ਵੋਟ ਪਾਉਣ ਦਾ ਅਧਿਕਾਰ ਰੱਖਦੇ ਹਨ। 'ਹਾਂ' ਨੂੰ ਵੋਟ ਦੇਣ ਦਾ ਮਤਲਬ ਹੈ ਕਿ ਤੁਸੀਂ ਹੜਤਾਲ ਨੂੰ ਅਧਿਕਾਰਤ ਕਰਨ ਲਈ ਆਪਣੀ ਸੌਦੇਬਾਜ਼ੀ ਕਮੇਟੀ ਦੀ ਸਿਫ਼ਾਰਸ਼ ਦਾ ਸਮਰਥਨ ਕਰਦੇ ਹੋ ਅਤੇ Sobeys ਦੀ ਪੇਸ਼ਕਸ਼ ਨਾਲੋਂ ਬਿਹਤਰ ਸਮਝੌਤੇ ਦੀ ਮੰਗ ਕਰਦੇ ਹੋ।

– ਜ਼ੋਨ 1 ਤੋਂ ਬਾਹਰ ਵਾਲੇ ਮੈਂਬਰਾਂ ਕੋਲ ਸਾਥੀ ਯੂਨੀਅਨ ਮੈਂਬਰਾਂ ਦਾ ਸਮਰਥਨ ਕਰਨ ਦੇ ਬਹੁਤ ਸਾਰੇ ਮੌਕੇ ਹੋਣਗੇ, ਜੋ ਸਾਰੇ Safeway ਅਤੇ FreshCo ਫਾਰਮੇਸੀ ਵਰਕਰਾਂ ਲਈ ਸਭ ਤੋਂ ਵਧੀਆ ਸੰਭਾਵੀ ਸੌਦੇ ਲਈ ਲੜਨ ਲਈ ਤੁਹਾਡੀ ਏਕਤਾ 'ਤੇ ਭਰੋਸਾ ਕਰਨਗੇ।

**ਹੜਤਾਲ ਅਧਿਕਾਰ ਵੋਟਿੰਗ ਕਦੋਂ ਹੋਵੇਗੀ?**

– ਹੜਤਾਲ ਅਧਿਕਾਰ ਦੀ ਵੋਟਿੰਗ **ਮੰਗਲਵਾਰ, 12 ਸਤੰਬਰ ਨੂੰ ਸਵੇਰੇ 9 ਵਜੇ PDT ਤੋਂ ਵੀਰਵਾਰ, 14 ਸਤੰਬਰ ਨੂੰ ਸ਼ਾਮ 3 ਵਜੇ PDT ਤੱਕ** ਆਨਲਾਈਨ ਹੋਵੇਗੀ।

– ਤੁਹਾਨੂੰ ਮੰਗਲਵਾਰ, ਸਤੰਬਰ 12 ਨੂੰ ਸਵੇਰੇ 9 ਵਜੇ PDT 'ਤੇ ਤੁਹਾਡੇ ਵੋਟਿੰਗ ਪ੍ਰਮਾਣ ਪੱਤਰ ਤੁਹਾਡੇ ਈਮੇਲ ਪਤੇ 'ਤੇ ਪ੍ਰਾਪਤ ਹੋਣਗੇ।

– ਕੋਈ ਵੀ ਵਿਅਕਤੀ, ਜਿਸਨੂੰ 12 ਸਤੰਬਰ ਨੂੰ ਆਪਣੇ ਵੋਟਿੰਗ ਪ੍ਰਮਾਣ ਪੱਤਰ ਨਹੀਂ ਮਿਲਦੇ ਹਨ, ਉਹ ਆਪਣੀ ਪਛਾਣ ਦੀ ਪੁਸ਼ਟੀ ਕਰਨ ਤੋਂ ਬਾਅਦ, ਇਹਨਾਂ ਲਈ ਬੇਨਤੀ ਕਰਨ ਲਈ ਸਾਡੇ ਵਿਸਤ੍ਰਿਤ ਦਫਤਰੀ ਸਮੇਂ ਦੌਰਾਨ ਯੂਨੀਅਨ ਦਫਤਰ ਨੂੰ 1-800-661-3708 'ਤੇ ਕਾਲ ਕਰ ਸਕਦਾ ਹੈ।

– ਕੋਈ ਵੀ ਵਿਅਕਤੀ ਜਿਸਨੂੰ ਵੋਟ ਪਾਉਣ ਲਈ ਵਿਅਕਤੀਗਤ ਸਹਾਇਤਾ ਦੀ ਲੋੜ ਹੈ, New Westminster ਵਿੱਚ 350 Columbia St. ਵਿਖੇ UFCW 1518 ਦੇ ਦਫਤਰ ਆ ਸਕਦਾ ਹੈ। ਦਫਤਰ ਮੰਗਲਵਾਰ, 12 ਸਤੰਬਰ ਅਤੇ ਬੁੱਧਵਾਰ, 13 ਸਤੰਬਰ ਨੂੰ ਸਵੇਰੇ 8:30 ਵਜੇ ਤੋਂ ਸ਼ਾਮ 7 ਵਜੇ PDT ਤੱਕ ਖੁੱਲ੍ਹਾ ਰਹੇਗਾ। ਵੀਰਵਾਰ, ਸਤੰਬਰ 14 ਨੂੰ ਨਿਯਮਤ ਦਫਤਰੀ ਸਮਾਂ ਮੁੜ ਸ਼ੁਰੂ ਹੋਵੇਗਾ — ਤੁਸੀਂ ਸ਼ਾਮ 3 ਵਜੇ PDT ਤੱਕ ਦਫਤਰ ਵਿੱਚ ਵੋਟ ਪਾ ਸਕਦੇ ਹੋ।

**ਹੜਤਾਲ ਕੀ ਹੈ?**

- ਹੜਤਾਲ ਉਦੋਂ ਹੁੰਦੀ ਹੈ ਜਦੋਂ ਯੂਨੀਅਨ ਦੇ ਮੈਂਬਰ ਸਮੂਹਿਕ ਤੌਰ 'ਤੇ ਆਪਣੀ ਕਿਰਤ ਵਾਪਸ ਲੈ ਲੈਂਦੇ ਹਨ। ਕੰਮ 'ਤੇ ਜਾਣ ਦੀ ਬਜਾਏ, ਯੂਨੀਅਨ ਦੇ ਮੈਂਬਰ ਆਪਣੇ ਕੰਮ ਵਾਲੀ ਥਾਂ ਦੇ ਬਾਹਰ ਧਰਨਾ ਦਿੰਦੇ ਹਨ ਅਤੇ ਉਦੋਂ ਤੱਕ ਆਪਣੇ ਕੰਮ 'ਤੇ ਵਾਪਸ ਜਾਣ ਤੋਂ ਇਨਕਾਰ ਕਰਦੇ ਹਨ ਜਦੋਂ ਤੱਕ ਮਾਲਕ ਇੱਕ ਨਿਆਂਪੂਰਨ ਇਕਰਾਰਨਾਮੇ ਦੀ ਪੇਸ਼ਕਸ਼ ਨੂੰ ਅੱਗੇ ਨਹੀਂ ਪਾਉਂਦਾ। ਇੱਕ ਪ੍ਰਭਾਵਸ਼ਾਲੀ ਹੜਤਾਲ ਰੁਜ਼ਗਾਰਦਾਤਾ ਨੂੰ ਸਾਡੀ ਸ਼ਕਤੀ ਦਰਸਾਉਂਦੀ ਹੈ ਅਤੇ ਉਨ੍ਹਾਂ 'ਤੇ ਵਾਜਬ ਗੱਲਬਾਤ ਕਰਨ ਅਤੇ ਸਾਡੀਆਂ ਮੰਗਾਂ ਨੂੰ ਪੂਰਾ ਕਰਨ ਲਈ ਦਬਾਅ ਪਾਉਂਦੀ ਹੈ।

**ਹੜਤਾਲ ਕਦੋਂ ਤੱਕ ਚੱਲੇਗੀ? ਹੜਤਾਲ ਕਿਵੇਂ ਖਤਮ ਹੁੰਦੀ ਹੈ?**

– ਸਾਨੂੰ ਬਿਲਕੁਲ ਨਹੀਂ ਪਤਾ ਕਿ ਵਿਵਾਦ ਕਿੰਨਾ ਚਿਰ ਚੱਲ ਸਕਦਾ ਹੈ – ਅਸਲ ਵਿੱਚ ਇਹ ਕਿਸੇ ਨੂੰ ਵੀ ਪਤਾ ਨਹੀਂ ਹੁੰਦਾ। ਪਰ ਹਾਲਾਂ ਅਸੀਂ ਇਸ ਤੋਂ ਕਈ ਕਦਮ ਦੂਰ ਹਾਂ। ਜੇਕਰ ਅਸੀਂ ਹੜਤਾਲ 'ਤੇ ਜਾਂਦੇ ਹਾਂ, ਤਾਂ ਹੜਤਾਲ ਉਦੋਂ ਖਤਮ ਹੋਵੇਗੀ ਜਦੋਂ ਦੋਵੇਂ ਧਿਰਾਂ ਇੱਕ ਅਸਥਾਈ ਸਮਝੌਤੇ 'ਤੇ ਪਹੁੰਚ ਜਾਣਗੀਆਂ ਜਿਸਦੀ ਪੁਸ਼ਟੀ ਕੀਤੀ ਜਾਏਗੀ।

**ਮੈਨੂੰ ਇਸ ਬਾਰੇ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ ਕਿ ਅਸੀਂ ਹੜਤਾਲ 'ਤੇ ਜਾਵਾਂਗੇ ਜਾਂ ਨਹੀਂ? ਸਮਝੌਤੇ ਲਈ ਗੱਲਬਾਤ ਬਾਰੇ ਤਾਜ਼ਾ ਜਾਣਕਾਰੀ ਮੈਨੂੰ ਕਿਵੇਂ ਮਿਲ ਸਕਦੀ ਹੈ?**

– ਯਕੀਨੀ ਬਣਾਓ ਕਿ ਸਾਡੇ ਕੋਲ ਤੁਹਾਡੀ ਸੰਪਰਕ ਜਾਣਕਾਰੀ ਅੱਪ-ਟੂ-ਡੇਟ ਹੋਵੇ। ਜਦੋਂ ਤੁਸੀਂ ਯੂਨੀਅਨ ਦੇ ਪ੍ਰਤੀਨਿਧਾਂ ਜਾਂ ਸੌਦੇਬਾਜ਼ੀ ਕਮੇਟੀ ਦੇ ਮੈਂਬਰਾਂ ਨੂੰ ਸਟੋਰ ਵਿੱਚ ਮਿਲੋ ਤਾਂ ਉਹਨਾਂ ਕੋਲੋਂ ਤੁਸੀਂ ਤਾਜ਼ਾ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਜਾਂ ਤੁਸੀਂ ਆਪਣਾ ਪੂਰਾ ਨਾਮ, ਕੰਮ ਵਾਲੀ ਥਾਂ ਦਾ ਨਾਮ ਅਤੇ ਨੰਬਰ, ਕਰਮਚਾਰੀ ਆਈਡੀ, ਈਮੇਲ ਪਤਾ, ਅਤੇ ਸੈੱਲ ਫ਼ੋਨ ਨੰਬਰ reception@ufcw1518.com ਦੇ ਪਤੇ 'ਤੇ ਭੇਜ ਸਕਦੇ ਹੋ।

- ਪੰਜਾਬੀ ਵਿੱਚ ਸੇਵਾਵਾਂ ਲਈ ਕਿਰਪਾ ਕਰਕੇ Gurjot Natt ਨੂੰ gnatt@ufcw1518.com ਦੇ ਪਤੇ ‘ਤੇ ਈਮੇਲ ਰਾਹੀਂ ਜਾਂ 604.526.1518 ext. 4846 ਨੰਬਰ ਤੇ ਫੋਨ ਰਾਹੀਂ ਸੰਪਰਕ ਕਰੋ।

**ਕੀ ਮੇਰੇ ਮੈਨੇਜਰ (ਜਾਂ ਕਿਸੇ ਹੋਰ ਨੂੰ) ਪਤਾ ਲੱਗੇਗਾ ਕਿ ਮੈਂ ਵੋਟ ਕਿਵੇਂ ਪਾਈ ਹੈ?**

– ਨਹੀਂ! ਤੁਹਾਡੀ ਵੋਟ ਗੁਪਤ ਹੈ! ਇਸ ਲਈ, ਜਦੋਂ ਤੱਕ ਤੁਸੀਂ ਕਿਸੇ ਨੂੰ ਇਹ ਦੱਸੋਗੇ ਨਹੀਂ ਕਿ ਤੁਸੀਂ ਕਿਵੇਂ ਵੋਟ ਪਾਈ ਹੈ, ਕੋਈ ਵੀ ਇਹ ਨਹੀਂ ਜਾਣੇਗਾ।